ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ

ਸਟੀਕ

ਭਾਗ ਦਸਵਾਂ

ਡਾ. ਅਜੀਤ ਸਿੰਘ ਔਲਖ

੧ੴ ਸਤਿਗੁਰ ਪ੍ਰਸਾਦਿ ॥

ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ ॥

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਸਟੀਕ

ਜਿਲਦ ਦਸਵੀਂ

ਗੁਰ-ਇਤਿਹਾਸ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ (ਭਾਗ-੨)

ਡਾ: ਅਜੀਤ ਸਿੰਘ ਔਲਖ

ਪ੍ਰਕਾਸ਼ਕ

ਭਾ: ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ

ਅਧਿਆਇ ਉਨੰਝਵਾਂ

ਬ੍ਰਹਮ ਗਿਆਨ ਉਪਦੇਸ਼

ਦੋਹਰਾ- 'ਬਿਸ਼ੈ ਪ੍ਰਮਾਣਨਿ ਕੋ ਭਯੋ ਕਹਜੋ ਅਬਿਸ਼ੈ ਸਰੂਪ'।
ਇਹ ਸੰਸੈ ਬੂਝਨਿ ਕਰਜੋ ਸੁਨਿ ਕੈ ਗਾਥ ਅਨੂਪ॥ ੧॥

"ਬ੍ਰਹਮਾਤਮਾ ਦੇ ਸਰੂਪ ਨੂੰ ਤੁਸੀਂ ਪਿੱਛੇ ਪ੍ਰਮਾਣਾਂ ਦੇ ਵਿਸ਼ੇ ਹੋ ਗਏ ਕਿਹਾ ਹੈ ਤੇ ਹੁਣ ਜੋ ਕੁਝ ਤੁਸੀਂ ਕਿਹਾ ਹੈ, ਉਸ ਨਾਲ ਉਹ ਪ੍ਰਮਾਣਾਂ ਦੇ ਵਿਸ਼ੇ ਹੋ ਗਏ ਹਨ।" ਅਨੂਪਮ ਗਾਥਾ ਸੁਣ ਕੇ ਆਪਣੇ ਸ਼ੰਕਿਆਂ ਬਾਰੇ ਪੁੱਛਿਆ ਹੈ॥੧॥

ਚੌਪਈ- ਸ਼ੰਕਾ ਕਰੀ ਖਾਲਸੇ ਜਬੈ॥ ਦਯਾ ਸਿੰਘ ਬੋਲਜੋ ਸ਼ੁਭ ਤਬੈ।
'ਵਿਧਿ ਮੁਖ ਸਿਖ ਜਨਾਇਬੇ ਹੇਤ। ਕਹਜੋ ਬ੍ਰਹਮ ਕੋ ਬਿਸ਼ੈ ਸੰਕੇਤ॥੨॥

ਜਦ ਖਾਲਸੇ ਨੇ ਉਸ ਵਿਚ ਸ਼ੰਕਾ ਕੀਤੀ, ਤਾਂ ਦਇਆ ਸਿੰਘ ਨੇ ਉਸ ਸਮੇਂ ਸ਼ੁਭ ਬਚਨ ਕਹੇ, "ਵਿਧੀ ਪੱਖ ਦੁਆਰਾ ਸਿੱਖ ਨੂੰ ਸਮਝਾਉਣ ਵਾਸਤੇ ਪ੍ਰਮਾਣਾਂ ਦਾ ਸੰਕੇਤ ਕਰਕੇ ਬ੍ਰਹਮ ਨੂੰ ਉਨ੍ਹਾਂ ਦਾ ਵਿਸ਼ਾ ਕਿਹਾ ਹੈ॥੨॥

ਨੇਤਿ ਨੇਤਿ ਕਰਿ ਨਿਖਿਧ ਪਛਾਨ। ਤੌ ਪ੍ਰਮਾਨ ਕੋ ਬਿਸ਼ਯ ਨ ਜਾਨ।
ਜਿਮ ਨਹਿਂ ਬਿਸ਼ੈ ਸੁਨਹੁ ਦੇ ਸ਼੍ਰੋਨ। ਅਗਮ ਅਗੋਚਰ ਕਹੀਐ ਤੌਨ॥੩॥

ਨਿਖੇਧੀ ਪੱਖ ਦੁਆਰਾ ਨੇਤ ਨੇਤ ਕਰਕੇ ਜੇ ਪਛਾਣ ਕਰਾਈਏ ਤਾਂ ਬ੍ਰਹਮਾਤਮਾ ਨੂੰ ਪ੍ਰਮਾਣਾਂ ਦਾ ਵਿਸ਼ਾ ਨਾ ਜਾਣੋ। ਜਿਵੇਂ ਇਹ ਪ੍ਰਮਾਣਾਂ ਦਾ ਵਿਸ਼ਾ ਨਹੀਂ ਹੈ, ਉਸ ਬਾਰੇ ਆਪਣੇ ਕੰਨਾਂ ਨਾਲ ਸੁਣੋ, ਤਿਸ ਬ੍ਰਹਮ ਨੂੰ ਅਗਮ ਅਗੋਚਰ ਕਿਹਾ ਜਾਂਦਾ ਹੈ॥੩॥

ਇੰਦ੍ਰੀ ਤੇ ਪ੍ਰਤੱਛ ਨਹਿਂ ਸੋਇ। ਪ੍ਰਤੱਛ ਪ੍ਰਮਾਨ ਅਬਿਸ਼ਯੈ ਹੋਇ।
ਚਿੰਨ੍ਹ ਬ੍ਰਹਮ ਕੈ ਕੋਇ ਨ ਅਹੈ। ਜਥਾ ਧੂਮ ਤੇ ਪਾਵਕ ਲਹੈਂ॥ ੪॥

ਇੰਦਰੀਆਂ ਨੂੰ ਉਹ ਪ੍ਰਤੱਖ ਨਹੀਂ ਹੁੰਦਾ, ਇਸ ਕਰਕੇ ਪ੍ਰਤੱਖ ਪ੍ਰਮਾਣ ਦਾ ਅਵਿਸ਼ਾ ਹੋ ਗਿਆ। ਇਸ ਵਿਚ ਬ੍ਰਹਮ ਦਾ ਕੋਈ ਵੀ ਚਿੰਨ੍ਹ ਨਹੀਂ ਹੈ, ਜਿਵੇਂ ਧੂੰਏਂ ਤੋਂ ਅੱਗ ਵੇਖਦੇ ਹਾਂ॥੪॥

ਨਹਿਂ ਅਨੁਮਾਨ ਬਿਸ਼ੈ ਇਮ ਜਾਨਿ। ਅੱਦ੍ਵੈ ਏਕ ਆਤਮਾ ਮਾਨਿ।
ਚੇਤਨ ਸਮ ਚੇਤਨ ਨਹਿਂ ਕੋਇ। ਬਿਸ਼ੈ 'ਉਪਮਾਨ' ਨ ਯਾਂਤੇ ਹੋਇ॥ ੫॥

ਅਨੁਮਾਨ, ਪ੍ਰਮਾਣ ਦਾ ਵਿਸ਼ਾ ਵੀ ਨਹੀਂ ਹੈ, ਇਕ ਆਤਮਾ ਹੀ ਅਦ੍ਵੈ ਮੰਨੋ, ਉਸ ਚੇਤਨ ਦੇ ਤੁੱਲ ਕੋਈ ਹੋਰ ਚੇਤਨ ਨਹੀਂ ਹੈ, ਉਸ ਕਰਕੇ ਉਪਮਾਨ ਦਾ ਵਿਸ਼ਾ ਨਹੀਂ ਹੈ॥੫॥

ਕਾਰਣ ਕਾਰਜ ਭੇਦ ਨ ਅਹੈਂ। 'ਅਰਥਾਪੱਤਿ' ਬਿਸ਼ੈ ਨਹਿਂ ਲਹੈ।
ਮਨ ਬਾਨੀ ਕੋ ਬਿਸ਼ੈ ਨ ਜੋਇ। ਸ਼ਬਦ 'ਅਈਤੇਜਕ' ਬਿਸ਼ੈ ਨ ਹੋਇ॥ ੬॥

ਉਸ ਬ੍ਰਹਮ ਵਿਚ ਕਾਰਣ ਕਾਰਜ ਆਦਿ ਭੇਦ ਨਹੀਂ ਹਨ, ਇਸ ਕਰਕੇ 'ਅਰਥਾਪਤੀ' ਦਾ ਵਿਸ਼ਾ ਨਹੀਂ ਹੈ, ਇਹ ਜਾਣ ਲਵੋ, ਕਿ ਬ੍ਰਹਮ ਮਨ, ਬਾਣੀ ਦਾ ਵਿਸ਼ਾ ਨਹੀਂ। ਸ਼ਬਦ ਤੇ ਅਈਤੇਜਕ ਪ੍ਰਮਾਣ ਦਾ ਵੀ ਉਹ ਵਿਸ਼ਾ ਨਹੀਂ ਹੋ ਸਕਦਾ॥੬॥

ਦੇਸ਼ ਕਾਲ ਨਹਿਂ ਵਸਤੁ ਪ੍ਰਛਿੰਨ। ਏਕ ਆਤਮਾ ਅਨੰਦ ਅਭਿੰਨ।
ਦੇਸ਼ ਨਹੀਂ ਐਸੋ ਕਿਤ ਲਹੋ। ਚੇਤਨ ਬ੍ਰਹਮ ਨਹੀਂ ਜਿਹ, ਕਹੋ॥ ੭॥

ਦੇਸ਼ ਕਾਲ ਵਸਤੂ 'ਤੇ ਉਹ ਪ੍ਰਛੇਦ ਨਹੀਂ ਹੁੰਦਾ, ਇਕ ਅਭਿੰਨ ਆਤਮਾ ਅਨੰਦ ਹੈ। ਐਸਾ ਦੇਸ਼ ਕਿਤੇ ਨਹੀਂ ਦਿੱਸਦਾ ਜਿੱਥੇ ਕਿਤੇ ਕਿ ਚੇਤਨ ਬ੍ਰਹਮ ਨਾ ਹੋਵੇ॥੭॥

ਸਕਲ ਦੇਸ਼ ਮਹਿਂ ਪੂਰਨ ਪਿਖੀਏ। ਦੇਸ਼ ਪ੍ਰਛੇਦ ਨ ਯਾਂਤੇ ਲਖੀਏ।
ਭੂਤ ਭਵਿੱਖਤ ਅਰੁ ਬ੍ਰਤਮਾਨ। ਬ੍ਰਹਮ ਆਤਮਾ ਏਕ ਸਮਾਨ॥ ੮॥

ਸਭ ਦੇਸ਼ਾਂ ਵਿਚ ਪਰਿਪੂਰਣ ਵੇਖੋ, ਇਸ ਕਰਕੇ ਦੇਸ਼ ਪ੍ਰਛੇਦ ਨਾ ਸਮਝੋ। ਭੂਤ, ਭਵਿੱਖ ਅਤੇ ਵਰਤਮਾਨ, ਬ੍ਰਹਮਾਤਮਾ ਇਕ ਸਮਾਨ ਹੈ॥੮॥

ਵਾਧ ਨ ਘਾਟ, ਜਨਮ ਨਹਿਂ ਨਾਸ਼। ਇਕਰਸ ਸਦਾ ਰਹਜੋ ਸੁ ਪ੍ਰਕਾਸ਼।
ਯਾਂਤੇ ਕਾਲ ਪ੍ਰਛੇਦ ਨ ਕੋਇ। ਅੱਕ੍ਰੈ, ਅਚਲ ਕੂਟ ਸਮ ਸੋਇ॥ ੯॥

ਕਿਸੇ ਪ੍ਰਕਾਰ ਦਾ ਵੀ ਵਾਧਾ ਘਾਟਾ ਨਹੀਂ ਹੁੰਦਾ, ਨਾ ਜਨਮ ਹੁੰਦਾ ਹੈ, ਨਾ ਨਾਸ਼ ਹੁੰਦਾ ਹੈ, ਸਦਾ ਇਕ ਰਸ ਪ੍ਰਕਾਸ਼ ਰਹਿੰਦਾ ਹੈ। ਇਸ ਕਰਕੇ ਕਾਲ ਕਰਕੇ ਪ੍ਰਛੇਦ ਨਹੀਂ ਹੁੰਦਾ। ਪਰਬਤ ਵਾਂਗ ਅੱਚਲ ਹੈ॥੯॥

ਸਰਬ ਆਤਮਾ ਸਭਿ ਮਹਿਂ ਬਾਸਾ। ਸਰਬਾਧਾਰ ਸਮਸਤਿ ਪ੍ਰਕਾਸ਼ਾ।
ਯਾਂਤੇ ਵਸਤੁ ਪ੍ਰਛੇਦ ਨ ਕੋਈ। ਤੀਨਹੁੰ ਤੇ ਪਰਛਿੰਨ ਨ ਹੋਈ॥ ੧੦॥

ਸਾਰੀਆਂ ਆਤਮਾਂ ਵਿਚ ਵਾਸਾ ਹੈ, ਸਭ ਦੇ ਵਿਚ ਇਕ ਸਮਾਨ ਪ੍ਰਕਾਸ਼ ਰਿਹਾ ਹੈ। ਇਸ ਕਰਕੇ ਵਸਤੂ ਕਰਕੇ ਪ੍ਰਛੇਦਨ ਨਹੀਂ ਹੁੰਦਾ, ਦੇਸ਼, ਕਾਲ, ਵਸਤੂ ਦੇ ਭੇਤ ਤੋਂ ਰਹਿਤ ਹੈ॥੧੦॥

ਦੋਹਰਾ- ਆਸ੍ਰੈ ਵਿਖੈ ਅੱਗਜਾਨ ਕੋ ਹੋਤਿ ਬ੍ਰਹਮ ਹੀ ਏਕ।
ਸੁਨੀਅਹਿ ਜੁਤਿ ਦ੍ਰਿਸ਼ਟਾਂਤ ਕੇ, ਕੀਜੈ ਬਹੁਰ ਬਿਬੇਕ॥ ੧੧॥

ਅਦੁੱਤੀ ਬ੍ਰਹਮ ਹੀ ਅਗਿਆਨ ਦਾ ਆਸ਼ਰਾ ਅਤੇ ਵਿਸ਼ਾ ਹੈ। ਇਸ ਨੂੰ ਦ੍ਰਿਸ਼ਟਾਂਤ ਸਹਿਤ ਸੁਣੋ, ਬਾਅਦ ਵਿਚ ਸੋਚ ਵਿਚਾਰ ਕਰੋ॥੧੧॥

ਚੌਪਈ- ਜਿਮ ਕੋਸ਼ਟ ਕੇ ਬੀਚ ਅੰਧੇਰਾ। ਛਾਦਨ ਕੀਨਸ ਪਰੈ ਨ ਹੇਰਾ।
ਕੋਸ਼ਠ ਕਰਜੋ ਵਿਖੈ ਤਮ ਹੋਇ। ਦਿਖਿਬੇ ਮਹਿਂ ਨਹਿਂ ਆਵਤਿ ਸੋਇ॥੧੨॥

ਜਿਵੇਂ ਕੋਠੇ ਨੂੰ ਹਨੇਰੇ ਨੇ ਢੱਕਿਆ ਹੋਇਆ ਹੈ ਤੇ ਕੋਠਾ ਦਿਖਾਈ ਨਹੀਂ ਦਿੰਦਾ। ਕੋਠੇ ਨੂੰ ਹਨੇਰੇ ਵਿਚ ਕੀਤਾ ਹੈ, ਭਾਵ ਕੋਠੇ ਦੇ ਹਨੇਰੇ ਵਿਚ ਖਲੋਤਿਆਂ ਕੋਠਾ ਨਜ਼ਰ ਨਹੀਂ ਆਉਂਦਾ॥੧੨॥

ਅਰੁ ਕੋਸ਼ਟ ਹੀ ਆਸ੍ਰੈ ਤਮ ਕੋ। ਇਮ ਹੀ ਜਾਨੋ ਰੂਪ ਬ੍ਰਹਮ ਕੋ।
ਤਿਸ ਤੇ ਹੀ ਉਪਜਜੋ ਅੱਗਜਾਨ। ਯਾਂਤੇ ਅਹੈ ਆਸਰੋ ਜਾਨ॥ ੧੩॥

ਅਤੇ ਕੋਠਾ ਹੀ ਹਨੇਰੇ ਦਾ ਆਸਰਾ ਹੈ, ਇਸ ਪ੍ਰਕਾਰ ਹੀ ਬ੍ਰਹਮ ਦਾ ਰੂਪ ਜਾਣੋ। ਉਸ ਤੋਂ ਹੀ ਅਗਿਆਨ ਉਪਜਿਆ ਹੈ, ਭਾਵ ਅਗਿਆਨ ਦਾ ਆਸਰਾ ਬ੍ਰਹਮ ਹੈ॥੧੩॥

ਬ੍ਰਹਮ ਕੋ ਲਖਨ ਦੇਤਿ ਨਹਿਂ ਸੋਇ। ਯਾਂਤੇ ਬਿਸ਼ੈ ਬ੍ਰਹਮ ਹੀ ਹੋਇ।
ਦ੍ਵੈ ਸ਼ਕਤੀ ਧਾਰਤਿ ਅੱਗਜਾਨ। ਇਕ ਆਵਰਨ, ਵਿਖੇਪੈ ਆਨ॥ ੧੪॥

ਉਹੀ ਅਗਿਆਨ ਬ੍ਰਹਮ ਨੂੰ ਨਹੀਂ ਵੇਖਣ ਦਿੰਦਾ, ਇਸ ਕਰਕੇ ਬ੍ਰਹਮ ਦਾ ਵਿਸ਼ਾ ਹੋਇਆ। ਅਗਿਆਨ ਨੇ ਦੋ ਸ਼ਕਤੀਆਂ ਧਾਰਨ ਕੀਤੀਆਂ ਹਨ, ਇਕ ਆਵਰਨ ਹੈ ਤੇ ਦੂਸਰੀ ਵਿਖੇਪ ਹੈ॥੧੪॥

(ਆਵਰਨ ਸ਼ਕਤੀ) ਬ੍ਰਹਮ ਕਰਜੋ ਆਛਾਦਨ ਜਾਂਹਿ। ਜਿਸ ਤੇ ਜਾਨ ਸਕਹਿਂ ਕਿਮ ਨਾਂਹਿ।
ਇਹ ਆਵਰਨ ਸ਼ਕਤਿ ਦ੍ਰਿੜ ਅਹੈ। ਜਿਸ ਕੇ ਭਏ ਜੀਵ ਜਗ ਬਹੈ॥੧੫॥

ਆਵਰਨ ਸ਼ਕਤੀ, ਉਹ ਸ਼ਕਤੀ ਹੈ ਜਿਸ ਸ਼ਕਤੀ ਨੇ ਬ੍ਰਹਮ ਨੂੰ ਢੱਕਿਆ ਹੋਇਆ ਹੈ, ਜਿਸ ਕਰਕੇ ਬ੍ਰਹਮ ਨੂੰ ਕਿਸੇ ਤਰ੍ਹਾਂ ਵੀ ਜਾਣ ਨਹੀਂ ਸਕਦੇ ਹਾਂ। ਇਹ ਆਵਰਨ ਸ਼ਕਤੀ ਦ੍ਰਿੜ੍ਹ ਹੈ, ਜਿਸ ਆਵਰਨ ਦੇ ਹੋਇਆਂ ਜੀਵ ਜਗਤ ਵਿਚ ਰੁੜ੍ਹਿਆ ਜਾਂਦਾ ਹੈ॥੧੫॥

(ਵਿਖਪ ਸ਼ਕਤੀ) ਪੁਨ ਨਾਨੱਤ੍ਵ ਦਿਖਾਵਨ ਕਰੇ। ਗਜ, ਬਾਜੀ, ਬਨ, ਗਨ ਤਰੁ ਹਰੇ।
ਸ਼ਕਤਿ ਵਿਖੇਪ ਇਹੀ ਤਿਸ ਮਾਂਹਿ। ਏਕ ਰੂਪ ਕਿਮ ਜਾਨਤਿ ਨਾਂਹਿ॥੧੬॥

ਇਕ ਦੀ ਥਾਂ ਤੇ ਬਹੁਤ ਭਿੰਨਤਾ ਵਿਖਾਉਂਦਾ ਹੈ, ਹਾਥੀ, ਘੋੜੇ, ਜੰਗਲ, ਹਰੇ ਬ੍ਰਿਛ ਦਿਖਾਈ ਦਿੰਦੇ ਹਨ, ਉਸ ਵਿਚ ਇਹੋ ਵਿਖੇਪ ਸ਼ਕਤੀ ਹੈ, ਇਕ ਰੂਪ ਕਿਸੇ ਤਰ੍ਹਾਂ ਵੀ ਜਾਣਿਆ ਨਹੀਂ ਜਾਂਦਾ॥੧੬॥

ਸ਼੍ਰਵਣ, ਮਨਨ, ਨਿੱਧਜਾਸਨ ਦ੍ਵਾਰਾ। ਜਬਿ ਹੋਇਓ ਸੱਖਜਾਤ ਉਦਾਰਾ।
ਤ੍ਰੈ ਗੁਣ ਤੀਨ ਅਵਸਥਾ ਛੋਰਿ। ਥਿਰੀ ਬ੍ਰਿੱਤਿ ਚਲਿ ਤੁਰੀਆ ਓਰ॥੧੭॥

ਕੰਨ, ਮਨਨ, ਨਿਧਆਸਣ ਦੁਆਰਾ, ਜਦ ਬਹੁਤ ਸਾਖਿਆਤ ਹੋ ਗਿਆ ਤਾਂ ਤਿੰਨ ਗੁਣ, ਤਿੰਨ ਅਵਸਥਾ ਛੱਡ ਕੇ ਬ੍ਰਿਤੀ ਤੁਰੀਆ ਵੱਲ ਚਲ ਕੇ ਅਸਥਿਤ ਹੋਈ॥੧੭॥

ਅਨੰਦਾਤਮ ਮਹਿਂ ਥਿਰਤਾ ਭਈ। ਜਿਤਕਿਤ ਏਕ ਰੂਪ ਹ੍ਵੈ ਗਈ।
ਦੋਨਹੁਂ ਸ਼ਕਤਿ ਸਹਿਤ ਅੱਗਜਾਨ। ਗੁਰੂ ਬਾਕ ਤੇ ਕੀਯਸਿ ਹਾਨ॥੧੮॥

ਅਨੰਦਾਤਮ ਵਿਚ ਸਥਿਰਤਾ ਪ੍ਰਾਪਤ ਹੋ ਗਈ, ਜਿੱਥੇ ਕਿੱਥੇ ਇਕ ਰੂਪ ਹੋ ਗਈ। ਅਗਿਆਨ ਦੋਵਾਂ ਸ਼ਕਤੀਆਂ ਸਮੇਤ ਗੁਰੂ ਜੀ ਦੇ ਬਚਨਾਂ ਨਾਲ ਨਾਸ਼ ਹੋ ਗਿਆ॥੧੮॥

ਜੀਵ ਈਸ਼ ਨਦਿ ਵਾਹਾ ਰੂਪ। ਪਰੇ ਬੀਚ ਭੇ ਸਮੁੰਦ੍ਰ ਅਨੂਪ।
ਜਹਿਤੀ ਤੇ ਨ ਏਕਤਾ ਬਨੇ। ਗੰਗ ਘੋਖ ਇਕ ਤਜਿਬੋ ਭਨੇ॥ ੧੯।

ਜੀਵ ਈਸ਼ ਨਦੀ ਦਾ ਵਹਿਣ ਰੂਪ ਹੈ, ਫਿਰ ਉਹ ਅਨੂਪਮ ਸਮੁੰਦਰ ਵਿਚ ਜਾ ਡਿੱਗਦਾ ਹੈ। ਉਹ 'ਸਮਝ' ਏਕਤਾ ਦੁਆਰਾ ਸਿੱਧ ਨਹੀਂ ਹੁੰਦੀ। ਜਿਵੇਂ ਜਦ ਕਹੀਏ ਕਿ ਗੰਗਾ ਵਿਚ ਮੇਰਾ ਘਰ ਹੈ ਤਾਂ ਗੰਗਾ ਦਾ ਅਰਥ ਹੈ ਜਲ ਦਾ ਪ੍ਰਵਾਹ, ਉਸ ਵਿਚ ਘਰ ਸੰਭਵ ਨਹੀਂ, ਤਾਂ ਸਮਝਾਂਗੇ ਘਰ ਗੰਗਾ ਕਿਨਾਰੇ ਹੈ, ਇਸ ਤਰ੍ਹਾਂ ਗੰਗਾ ਪਦ ਛੱਡ ਕੇ ਕਿਨਾਰਾ ਪਦ ਗ੍ਰਹਿਣ ਕਰਾਂਗੇ, ਇਸ ਦਾ ਨਾਮ ਜਹਿਤੀ ਲੱਛਣਾ ਹੈ॥੧੯॥

ਜੀਵ ਈਸ਼ ਦੋਨਹੁੰ ਪਰਹਰੇ। ਤਬਿ ਇਕਤਾ ਕਹੁ ਕਿਸ ਕੀ ਕਰੇ।
ਤਥਾ ਅਜਹਿਤੀ ਗ੍ਰਹਨ ਕਰਨ ਮੈਂ। ਇਹ ਭੀ ਬਨਹਿ ਨ,ਸੁਨਹੁੰ ਸ਼੍ਰਵਣ ਮੈਂ॥੨੦॥

ਜਿਵੇਂ ਜਦ ਕਹੀਏ ਕਿ ਜੀਵ ਈਸ਼ਵਰ ਦੋ ਹਨ, ਹੁਣ ਇਨ੍ਹਾਂ ਵਿਚੋਂ ਕੋਈ ਇਕ ਪਦ ਛੱਡ ਦੇਈਏ ਤਾਂ ਬਾਕੀ ਇਕੋ ਰਹਿ ਗਿਆ, ਉਸ ਦੀ ਏਕਤਾ ਕਿਸ ਨਾਲ ਕਰਾਂਗੇ ? ਤਿਵੇਂ ਹੀ ਅਜਹਿਤੀ ਲੱਛਨਾ ਹੈ ਕੁਝ ਹੋਰ ਗ੍ਰਹਿਣ ਕਰਨ ਵਿਚ, ਭਾਵ ਜਿੱਥੇ ਕੋਈ ਹੋਰ ਅਰਥ ਨਹੀਂ ਗ੍ਰਹਿਣ ਕਰੀਦਾ ਹੈ। ਇਹ ਵੀ ਨਹੀਂ ਬਣਦਾ ਹੈ, ਕੰਨਾਂ ਨਾਲ ਸੁਣੋ॥੨੦॥

ਜੀਵ ਈਸ਼ ਦੋਨਹੁੰ ਕੋ ਰਾਖੈ। ਔਰ ਗ੍ਰਹਨ ਕਿਹ ਕਰਨ ਭਿਲਾਖੈ।
ਅਰਥ ਨ ਸਿੱਧ ਦੁਹਨਿ ਤੇ ਹੋਵਾ। ਤਬਿ ਸਤਿਗੁਰਨਿ ਤ੍ਰਿਤੀ ਪਖ ਜੋਵਾ॥੨੧॥

ਜੀਵ ਈਸ਼ਵਰ ਦੋਹਾਂ ਨੂੰ ਰੱਖ ਕੇ ਹੋਰ ਕੁਝ ਗ੍ਰਹਿਣ ਕਰਨ ਦੀ ਲੋੜ ਬਾਕੀ ਨਹੀਂ ਰਹਿ ਜਾਂਦੀ ਹੈ ਭਾਵ ਜਿਵੇਂ ਕਿਸੇ ਨੇ ਕਿਹਾ ਕਿ ਲਾਲ ਦੌੜਿਆ ਜਾਂਦਾ ਹੈ, ਏਥੇ ਘੋੜਾ ਪਦ ਨਾਲ ਲਾਉਣਾ ਪਵੇਗਾ ਕਿਉਂਕਿ ਲਾਲ ਰੰਗ ਤਾਂ ਦੌੜਦਾ ਨਹੀਂ, ਲਾਲ ਘੋੜਾ ਦੌੜਦਾ ਹੈ, ਇਹ ਅਜਹਿਤੀ ਲੱਛਣਾ ਹੈ, ਜਿਥੇ ਵਾਕ ਅਰਥ ਨਾਲ ਕੁਝ ਹੋਰ ਰਲਾਉਣਾ ਪਵੇ। ਜਹਿਤੀ ਅਜਹਿਤੀ ਤੋਂ ਅਰਥ ਸਿੱਧ ਨਾ ਹੋਇਆ। ਤਦ ਸਤਿਗੁਰੂ ਜੀ ਨੇ ਤੀਸਰਾ ਪੱਖ ਵੇਖਿਆ॥੨੧॥

ਲਛਣਾਂ ਦੋਨ ਮਿਲਾਇ ਬਿਚਾਰਾ। 'ਭਾਗ ਤਜਾਗ' ਤਿਹ ਨਾਮ ਉਚਾਰਾ।
ਇਕਤਾ ਕਰਨ ਅਰਥ ਭਾ ਸਿੱਧ। ਸ਼੍ਰੋਤਾ ਸੁਨਹੁ ਕਹਜੋ ਜਿਮ ਬ੍ਰਿੱਧ ॥੨੨॥

ਦੋਵਾਂ ਲੱਛਣਾਂ ਨੂੰ ਮਿਲਾ ਕੇ ਵਿਚਾਰ ਕੀਤੀ। ਭਾਗ ਤਿਆਗ ਉਸ ਦਾ ਨਾਮ ਉਚਾਰਨ ਕੀਤਾ। ਜੀਵ ਈਸ਼ਵਰ ਏਕਤਾ ਕਰਨ ਦਾ ਅਰਥ ਸਿੱਧ ਹੋ ਗਿਆ। ਹੇ ਸ੍ਰੋਤਾ ਗਨ ਸੁਣੋ, ਜਿਵੇਂ ਬਜ਼ੁਰਗਾਂ ਨੇ ਕਿਹਾ ਹੈ॥੨੨॥

ਜੀਵ ਵਾਚਜ ਕਰਿ ਹੈ ਅਲਪੱਗਜ। ਈਸ਼ੁਰ ਵਾਚਜ ਅਹੈ ਸਰਬੱਗਜਾ।
ਜਨਮ ਮਰਣ ਉਰਮੀ ਤਨ ਦੋਇ। ਛੁਧਾ ਤ੍ਰਿਖਾ ਪ੍ਰਾਨਨਿ ਕੀ ਹੋਇ॥ ੨੩॥

ਤੂੰ ਪਦ ਦਾ ਵਾਚ ਅਰਥ ਜੀਵ ਹੈ ਜੋ ਅਲਪੱਗ ਹੈ, ਤੱਤ ਪਦ ਦਾ ਵਾਚ ਈਸ਼ਵਰ ਹੈ ਜੋ ਸਰਬੱਗ ਹੈ ਜਾਂ ਇਸ ਪ੍ਰਕਾਰ ਕਹੋ ਕਿ ਤੱਤ ਪਦ ਦਾ ਵਾਚ ਅਰਥ ਈਸ਼ਵਰ ਹੈ ਜੋ ਸਰਬੱਗ ਹੈ। ਜਨਮ ਮਰਨ, ਸਰੀਰ ਦੀਆਂ ਭੁੱਖਾਂ, ਤ੍ਰੇਹਾਂ ਪ੍ਰਾਣਾਂ ਦੀਆਂ ਤੇ ਹਰਖ ਸੋਗ ਮਨ ਦੀਆਂ ਉਰਮੀਆਂ ਹਨ। ਜੀਵ ਇਨ੍ਹਾਂ ਛਿਆਂ ਵਿਚ ਸੰਜੁਗਿਤ ਹੈ॥੨੩॥

ਹਰਖ ਸੋਗ ਮਨ ਕੀ ਪਹਿਚਾਨ। ਇਨ ਖਟ ਸਹਿਤ ਜੀਵ ਕੋ ਮਾਨ।
ਲੱਛਮੀ, ਗਜਾਨ, ਵਿਰਾਗ, ਉਦਾਰ। ਜਸ, ਐਸ਼੍ਵਰਜ, ਗੁਣ ਖਸ਼ਟ ਉਚਾਰ॥੨੪॥

'ਤੱਤ ਤ੍ਵਮ ਅਸਿ' ਮਹਾਂਵਾਕ ਵਿਚ ਜੀਵ ਈਸ਼ਵਰ ਦੀ ਏਕਤਾ 'ਭਾਵ ਤਿਆਗ' ਲਛਣਾਂ ਦੁਆਰੇ ਲੱਗੇ ਹਨ। ਹਰਖ ਸੋਗ ਮਨ ਦੀਆਂ ਉਰਮੀਆਂ ਹਨ। ਜੀਵ ਇਨ੍ਹਾਂ ਛੇਆਂ ਸਹਿਤ ਸੰਜੁਗਤ ਹੈ। ਈਸ਼ਵਰ ਵਿਚ ਛੇ ਗੁਣ ਸੰਪੂਰਣ ਹਨ, ਭਾਵ ਲਛਮੀ, ਗਿਆਨ, ਵਿਰਾਗ, ਉਦਾਰਤਾ, ਜੱਸ ਤੇ ਧਨ ਦੌਲਤ ਇਹ ਛੇ ਗੁਣ ਕਹੇ ਜਾਂਦੇ ਹਨ॥੨੪॥

ਜੀਵਨ ਮਹਿਂ ਇਨ ਕੋ ਕਿਤ ਅੰਸ਼। ਈਸ਼ੁਰ ਬਿਖੈ ਖਸ਼ਟ ਸਰਬੰਸ।
ਯਾਂਤੇ ਸ੍ਰਿਸ਼ਟਿ ਉਪਾਵਨਿ, ਪਾਰਨਿ। ਨਾਸ਼ਨ ਕਰਨਿ ਈਸ਼ ਤ੍ਰੈ ਕਾਰਨ॥੨੫॥

ਇਹ ਛੇ ਗੁਣ ਜਿਹੜੇ ਕਹੇ ਜਾਂਦੇ ਹਨ ਸੋ ਜੀਵਾਂ ਵਿਚ ਕਿਤੇ-ਕਿਤੇ ਇਨ੍ਹਾਂ ਦੀ ਅੰਸ਼ ਮਾਤ੍ਰ ਹੈ, ਪਰ ਈਸ਼ਵਰ ਵਿਚ ਛੇ ਹੀ ਸੰਪੂਰਨ ਹਨ। ਇਸ ਕਰਕੇ ਸ੍ਰਿਸ਼ਟੀ ਦੀ ਉਤਪਤੀ ਕਰਨ, ਪਾਲਣਾ ਅਤੇ ਨਾਸ਼ ਕਰਨਾ ਈਸ਼ਵਰ ਦੇ ਤਿੰਨ ਕਾਰਨ ਹਨ॥੨੫॥

ਜੀਵ ਪ੍ਰਤੰਤ੍ਰ ਦੁਖੀ ਗੁਣ ਹੀਨ। ਕਿਮ ਦੋਇਨਿ ਕੀ ਇਕਤਾ ਲੀਨਿ।
ਵਾਚਜ ਵਿਖੈ ਇਕਤਾ ਨਹਿਂ ਜੋਇ। ਲਖਣਾ ਕਰੇ ਲਖਜ ਮੈਂ ਹੋਇ॥੨੬॥

ਜੀਵ ਪਰਾਧੀਨ ਹੈ, ਦੁੱਖੀ ਹੈ, ਗੁਣਹੀਨ ਹੈ, ਇਨ੍ਹਾਂ ਦੋਹਾਂ ਦੀ ਏਕਤਾ ਕਿਵੇਂ ਲਈ ਜਾਵੇ? (ਉੱਤਰ) ਵਾਚ ਵਿਚ ਏਕਤਾ ਨਹੀਂ ਹੈ, ਸਮਝਣ ਨਾਲ ਸਮਝ ਵਿਚ ਆ ਜਾਂਦਾ ਹੈ॥੨੬॥

ਦੁਖੀ, ਪ੍ਰਤੰਤ, ਅਲਪਤਾ, ਜੀਵ। ਤੀਨੋ ਤਜਿ ਪਾਛੈ ਜੋ ਥੀਵ।
ਸਰਬਗਤਾ, ਖਟ ਗੁਣ, ਸੁਖ ਈਸ਼। ਤੀਨੋ ਤਜਿ ਪਸ਼ਚਾਤਿ ਰਹੀਸ॥੨੭॥

ਦੁੱਖੀ, ਪਰਅਧੀਨਤਾ, ਛੋਟਾਪਨ ਜੀਵ ਦੇ ਤਿੰਨੇ ਗੁਣ ਛੱਡ ਕੇ ਜੋ ਬਾਕੀ ਰਹੇ, ਭਾਵ ਸਰਬਗਤਾ, ਛੇ ਗੁਣ, ਈਸ਼ਵਰ ਦੇ ਸੁਖ, ਤਿੰਨੇ ਛੱਡ ਕੇ ਬਾਕੀ ਜੋ ਰਿਹਾ॥੨੭॥

ਸੱਚਿਦਾਨੰਦ ਦੁਹਨਿ ਮਹਿਂ ਰਹਜੋ। ਯਾਂਤੇ ਇਕਤਾ ਦੋਨਹੁਂ ਲਹਜੋ।
ਜਥਾ ਅਗਨਿ ਕੇ ਗੁਨ ਹੈ ਤੀਨ। ਦਾਹਕ, ਉਸ਼ਨ, ਪ੍ਰਕਾਸ਼ਕ, ਚੀਨ॥੨੮॥

ਸਤਿ, ਚਿਤ, ਆਨੰਦ ਇਹ ਰੂਪ ਦੋਹਾਂ ਦਾ ਬਾਕੀ ਰਿਹਾ, ਇਸ ਕਰਕੇ ਦੋਹਾਂ ਦੀ ਏਕਤਾ ਹੋ ਗਈ, ਉਸ ਪ੍ਰਕਾਰ ਹੀ ਅਗਨੀ ਦੇ ਤਿੰਨ ਗੁਣ ਹਨ, ਸਾੜਨਾ, ਗਰਮੀ ਅਤੇ ਚਾਨਣਾ ਸਮਝੋ॥੨੮॥

ਤਿਸੀ ਅਗਨਿ ਕੇ ਤੀਨਹੁਂ ਰੂਪ। ਬਨ ਦੌਂ, ਦੀਪ, ਮਸਾਲ ਅਨੂਪ।
ਤ੍ਰੈਗੁਣ ਤੀਨਹੁਂ ਰੂਪ ਮਝਾਰ। ਈਸ਼ ਜੀਵ ਤਿਮ ਬ੍ਰਹਮ ਬਿਚਾਰ॥੨੯॥

ਤਿਸ ਅਗਨੀ ਦੇ ਤਿੰਨ ਹੀ ਰੂਪ ਹਨ, ਵਣ ਅਗਨੀ, ਦੀਵਾ ਅਤੇ ਮਿਸ਼ਾਲ, ਤਿੰਨਾਂ ਅਗਨੀਆਂ ਵਿਚ ਤਿੰਨ ਗੁਣ ਮੌਜੂਦ ਹਨ ਭਾਵ ਸਾੜਨਾ, ਗਰਮੀ ਦੇਣਾ ਅਤੇ ਚਾਨਣ ਕਰਨਾ ਤਿੰਨਾਂ ਵਿਚ ਹਨ। ਇਸ ਪ੍ਰਕਾਰ ਹੀ ਜੀਵ, ਈਸ਼ਵਰ ਤੇ ਬ੍ਰਹਮ ਵਿਚ ਤਿੰਨੇ ਸਾਂਝੇ ਗੁਣ ਸਤ, ਚਿਤ ਆਨੰਦ ਸਰੂਪਤਾ ਦੀ ਏਕਤਾ ਵਿਚਾਰ ਲਵੋ॥੨੯॥

ਇਕ ਅਕਾਸ਼ ਤ੍ਰੈ ਭੇਦ ਬਨਾਏ। 'ਘਟ' 'ਮਟ', 'ਮਹਾਂਕਾਸ਼ ਦ੍ਰਿਸ਼ਟਾਏ।
ਛੋਟੋ ਬਡ ਉਪਾਧਿ ਤੇ ਹੋਇ। ਨਾਸ਼ ਉਪਾਧਿ ਏਕ ਹੀ ਸੋਇ॥੩੦॥

ਹੋਰ ਦ੍ਰਿਸ਼ਟਾਂਤ ਦਿੰਦੇ ਹਨ: ਇਕ ਆਕਾਸ਼ ਦੇ ਤਿੰਨ ਭੇਦ ਬਣਾਏ ਹਨ, ਘੜੇ ਵਿਚ ਦਾ, ਮਠ ਵਿਚ ਦਾ ਤੇ ਮਹਾਂ ਆਕਾਸ਼ ਦ੍ਰਿਸ਼ਟੀਮਾਨ ਕੀਤੇ ਹਨ। ਆਕਾਸ਼ ਦਾ ਛੋਟਾ, ਵੱਡਾਪਨ ਭਾਵ ਘੜੇ ਦਾ ਆਕਾਸ਼, ਮਠ ਦਾ ਆਕਾਸ਼ ਆਦਿ, ਘੜੇ ਤੇ ਮਠ ਦੀ ਉਪਾਧੀ ਕਰਕੇ ਹੋਇਆ ਹੈ। ਜਦ ਉਪਾਧੀਆਂ ਨਾਸ਼ ਹੋ ਗਈਆਂ ਤਾਂ ਉਹ ਆਕਾਸ਼ ਇਕ ਹੀ ਹੋ ਗਿਆ॥੩੦॥

ਇਮ ਸਾਖਜਾਤਕਾਰ ਮੈਂ ਏਕ। ਰਹੈ, ਨ ਭਾਵਾਭਾਵ ਬਿਬੇਕ।
'ਤਤ੍ਵੰਮਸੀ' 'ਅਹੰਬ੍ਰਹਮਾਸਮਿ। ਇਕ ਰਸ ਬ੍ਰਿਤਿ ਨ ਉਥਤੈ ਭਰਮ॥੩੧॥

ਇਸ ਪ੍ਰਕਾਰ ਇਕ ਆਕਾਸ਼ ਰਹਿ ਜਾਂਦਾ ਹੈ ਤੇ ਭਾਵ ਅਭਾਵ ਹੈ ਕਿ ਨਹੀਂ, ਦਾ ਗਿਆਨ ਨਹੀਂ ਰਹਿੰਦਾ। ਤਤ੍ਵੰਮਸੀ ਸਮਝ ਕੇ ਉਪਰ ਲਿਖੀ ਭਾਵ ਤਿਆਗ ਲੱਖਣਾ ਅਨੁਸਾਰ ਬ੍ਰਹਮ ਆਤਮ ਦੀ ਏਕਤਾ ਜਾਣ ਕੇ ਅਤੇ ਅਹੰਬ੍ਰਹਮਾਸਮਿ ਸਫੁਰਣ ਹੁੰਦਾ ਹੈ। ਉਸ ਵਿਚ ਬ੍ਰਿਤੀ ਇਕ ਰਸ ਰਹਿੰਦੀ ਹੈ, ਭਰਮ ਨਹੀਂ ਉਠਦਾ॥੩੧॥

ਸ਼੍ਰੋਤ੍ਰੀ ਬ੍ਰਹਮ ਨਿਸ਼ਠੀ ਤੇ ਗ੍ਯਾਨ। ਪਾਇ ਮਮੋਖ੍ਹ ਬੰਧਨ ਹਾਨ।
ਜੋ ਕਾਚੇ ਗੁਰ ਤੇ ਲਹਿ ਕੋਇ। ਕਿਧੌਂ ਗ੍ਰੰਥ ਪਠਿ ਆਪੇ ਹੋਇ॥ ੩੨॥

ਬ੍ਰਹਮ ਨੇਸ਼ਠੀ ਬ੍ਰਹਮ ਸ਼੍ਰੋਤ੍ਰੀ ਗੁਰੂ ਤੋਂ ਗਿਆਨ ਪਾ ਕੇ ਬੰਧਨ ਨਾਸ਼ ਕਰਵਾ ਕੇ ਸ੍ਰੇਸ਼ਟ ਮੁਕਤੀ ਪ੍ਰਾਪਤ ਕਰਦਾ ਹੈ। ਜਿਹੜਾ ਕੱਚੇ ਗੁਰੂ ਤੋਂ ਮੁਕਤੀ ਭਾਲਦਾ ਹੈ ਜਾਂ ਗ੍ਰੰਥ ਪੜ੍ਹ ਕੇ ਆਪੇ ਪ੍ਰਾਪਤ ਕਰਨਾ ਚਾਹੁੰਦਾ ਹੈ॥੩੨॥

ਤਿਨ ਕੀ ਗਤਿ ਸ਼੍ਰੀ ਨਾਨਕ ਕਹੀ। ਅਹੰਬ੍ਰਹਮਾਸਮਿ ਬੋਲੇ ਸਹੀ।
ਗ੍ਯਾਨਵਾਨ ਕੀ ਬਨੈ ਨ ਰੀਸ। ਹੁਇ ਕੂੜਨਿ ਕੀ ਕੂਰੀ ਠੀਸ॥ ੩੩॥

ਉਸ ਦੀ ਗਤੀ ਬਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ। ਅਹੰਬ੍ਰਹਮਾਸਮਿ ਬੋਲਦਾ ਤਾਂ ਹੈ। ਗਿਆਨਵਾਨ ਦੀ ਨਕਲ ਕਰਨੀ ਬਣਦੀ ਨਹੀਂ ਹੈ, ਕਿਉਂਕਿ ਝੂਠੇ ਦੀ ਝੂਠੀ ਹੀ ਗੱਪ ਹੁੰਦੀ ਹੈ॥੩੩॥

ਸ੍ਰੀ ਮੁਖਵਾਕ

ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ॥
ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ॥
ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ॥
ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ॥ ੩॥ (ਅੰਗ ੪੬੩)

ਨਾਨਕ ਜੋ ਗੁਰੂ ਜੀ ਨੂੰ ਚੇਤੇ ਨਹੀਂ ਕਰਦੇ ਅਤੇ ਆਪਣੇ ਦਿਲ ਵਿਚ ਆਪਣੇ ਆਪ ਨੂੰ ਬਹੁਤਾ ਚਤੁਰ ਖਿਆਲ ਕਰਦੇ ਹਨ ਉਹ ਥੋਥੇ ਸਲਾਰੇ ਵਾਂਗ ਵੱਢੀ ਹੋਈ ਪੈਲੀ ਵਿਚ ਸੁੰਞੇ ਛੱਡ ਦਿੱਤੇ ਜਾਣਗੇ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਉਨ੍ਹਾਂ ਸੁੰਞੇ ਛੱਡੇ ਸਲਾਰੇ ਦੇ ਬੂਟਿਆਂ ਦੇ ਵੀ ਅਨੇਕਾਂ ਮਾਲਕ ਬਣ ਜਾਂਦੇ ਹਨ। ਉਹ ਬਦਨਸੀਬ ਫਲਦੇ ਅਤੇ ਫੁਲਦੇ ਹਨ, ਪਰ ਤਾਂ ਵੀ ਉਨ੍ਹਾਂ ਦੇ ਸਰੀਰ ਅੰਦਰ ਨਿਰੀ ਰਾਖ ਹੀ ਹੁੰਦੀ ਹੈ॥੩॥

ਚੌਪਈ- **ਪਢੇ ਗ੍ਰੰਥ ਬਨ ਬੈਠੇ ਗ੍ਯਾਨੀ। ਨਾਨਾ ਜੁਗਤਿਨਿ ਕਰਹਿਂ ਬਖਾਨੀ।**
'ਅਹੰਬ੍ਰਹਮਾਸਮਿ' ਕਹੈਂ ਸੁਨਾਇ। ਤਨਹੰਤਾ ਨਹਿਂ ਛੁਟੀ ਬਲਾਇ॥੩੪॥

ਗ੍ਰੰਥ ਪੜ੍ਹ ਕੇ ਗਿਆਨੀ ਬਣ ਬੈਠੇ, ਅਨੇਕ ਪ੍ਰਕਾਰ ਦੀਆਂ ਜੁਗਤੀਆਂ ਬਿਆਨ ਕਰਦਾ ਹੈ। 'ਅਹੰ ਬ੍ਰਹਮਾਸਮਿ' ਸੁਣਾ ਸੁਣਾ ਕੇ ਕਹਿੰਦਾ ਹੈ, ਪਰ ਦੇਹ ਦੇ ਹੰਕਾਰ ਤੋਂ ਛੁਟਕਾਰਾ ਨਹੀਂ ਪਾਇਆ ਹੈ॥੩੪॥

ਤਿਨ ਮਹਿਂ ਸਾਰ ਨ ਪੱਯਤਿ ਕੈਸੇ। ਭਸਮ ਬੂਆੜ ਤਿਲਨਿ ਮਹਿਂ ਜੈਸੇ।
ਕਿਧੌਂ ਗ੍ਯਾਨ ਬ੍ਰਿਤਿ ਕਾਚੀ ਰਹੀ। ਥਿਰਤਾ ਭਲੇ ਨ ਮਨ ਨੇ ਲਹੀ॥੩੫॥

ਉਸ ਦੇਹ ਵਿਚ ਫਿਰ ਤਤ੍ਵ ਗਿਆਨ ਕੈਸੇ ਪ੍ਰਵੇਸ਼ ਕਰ ਸਕਦਾ ਹੈ, ਜਿਵੇਂ ਤਿਲਾਂ ਵਿਚ ਰਾਖ ਦਾ ਭਰਿਆ ਸਲਾਰੇ ਦਾ ਬੂਟਾ ਹੁੰਦਾ ਹੈ ਜਾਂ ਗਿਆਨ ਬ੍ਰਿਤੀ ਕੱਚੀ ਰਹੀ, ਮਨ ਨੇ ਭਲੀ ਪ੍ਰਕਾਰ ਸਥਿਰਤਾ ਨਾ ਪ੍ਰਾਪਤ ਕੀਤੀ॥੩੫॥

ਕਰਮਨਿ ਮਹਿਂ ਨਿਸੰਗ ਹੁਇ ਬਰਤਾ। ਬਹੈ ਸੁ ਜਨਮ ਮਰਨ ਕੀ ਸਰਿਤਾ।
ਸੁਨਹੁ ਖਾਲਸਾ! ਸਤਿਗੁਰ ਮਤ ਕੋ। ਜਿਸ ਤੇ ਜੀਵ ਪਾਇ ਸਦਗਤਿ ਕੋ॥੩੬॥

ਕਰਮਾਂ ਵਿਚ ਬੇਸ਼ਕ ਵਰਤਾਰਾ ਹੋਵੇਗਾ, ਜਨਮ ਮਰਨ ਦੀ ਨਦੀ ਵਗਦੀ ਰਹੇਗੀ। ਹੇ ਖਾਲਸਾ ਜੀ ! ਸਤਿਗੁਰੂ ਜੀ ਦੀ ਸਲਾਹ ਨੂੰ ਸੁਣੋ, ਜਿਸ ਕਾਰਨ ਜੀਵ ਸ੍ਰੇਸ਼ਟ ਗਤੀ ਪ੍ਰਾਪਤ ਕਰੇ॥੩੬॥

ਬੇਦ ਸ਼ਾਸਤ੍ਰ ਕੋ ਸਾਰ ਨਿਕਾਰਾ। ਹਿਤ ਸਿੱਖਨਿ ਸਤਿਗੁਰੂ ਉਚਾਰਾ।
ਸਕਲ ਮਤਨਿ ਸੋਂ ਮਿਲਜੋ ਪਛਾਨੋ। ਅਰ ਸਭਿ ਤੇ ਨਜਾਰੋ ਪਹਿਚਾਨੋ॥੩੭॥

ਵੇਦ ਸ਼ਾਸਤਰਾਂ ਦਾ ਸਾਰ ਕੱਢ ਕੇ, ਸਿੱਖਾਂ ਵਾਸਤੇ ਸਤਿਗੁਰੂ ਜੀ ਨੇ ਉਚਾਰਨ ਕੀਤਾ ਹੈ। ਸਤਿਗੁਰੂ ਜੀ ਦਾ ਮੱਤ ਸਾਰੇ ਮੱਤਾਂ ਨਾਲ ਮਿਲਿਆ ਹੈ ਅਤੇ ਸਾਰੇ ਮੱਤਾਂ ਨਾਲੋਂ ਵੱਖਰਾ ਪਹਿਚਾਣੋ॥੩੭॥

ਜਾਤ ਸ੍ਰਿੰਖਲਾ ਅਰ ਜਗ ਲਾਜਾ। ਇਨ ਤੇ ਦੁਖਿ ਕੈ ਦਾਰਿਦ ਸਾਜਾ।
ਨਿਕਸਨਿ ਚਹਜੋ ਲੇਨਿ ਸੁਖ ਹੇਤ। ਤਜਿ ਕੁਟੰਬ ਕੋ ਬਨਜੋਂ ਸੁਚੇਤ॥ ੩੮॥

ਜਾਤ ਅਤੇ ਜਗਤ ਦਾ ਲਾਜ ਰੂਪੀ ਸੰਗਲ, ਇਨ੍ਹਾਂ ਤੋਂ ਦੁੱਖੀ ਹੋ ਕੇ ਦਲਿੱਦਰ ਦੀ ਸਾਜਣਾ ਕੀਤੀ ਹੈ। ਸੁਖ ਵਾਸਤੇ ਇਨ੍ਹਾਂ ਵਿਚੋਂ ਨਿਕਲਣਾ ਚਾਹਿਆ। ਪਰਿਵਾਰ ਨੂੰ ਛੱਡ ਕੇ ਸੁਚੇਤ ਹੋ ਗਿਆ॥੩੮॥

ਕਬਿੱਤ-**ਸਦਨ ਕੀ ਕਾਰ ਹੋਤਿ ਅਨਿਕ ਪ੍ਰਕਾਰ ਬਹੁ ਕਰਤਿ ਕਰਤਿ ਹਾਰ ਜਾਤਿ ਦੁਖੀ ਮਨ ਮੈਂ।**
ਸੁਨਿ ਕੈ ਸੁ ਪੰਥ ਕੀ ਬਡਾਈ ਆਯੋ ਖਾਲਸੇ ਮੈਂ, ਜੀਵਕਾ ਕੀ ਚਾਹ ਬਸਿ ਰਹੀ ਰੈਨ ਦਿਨ ਮੈਂ।
ਅੰਮ੍ਰਿਤ ਕੋ ਪਾਨ ਕੀਨ ਗੁਰਬਾਨੀ ਰਿਦੇ ਭੀਨ, ਸਿੰਘ ਨਾਮ ਲੀਨ, ਭਯੋ ਬੀਰ ਧੀਰ ਰਨ ਮੈਂ।
ਇਸ ਲੋਕ ਬਿਖੈ ਸੁਖ ਪਾਇ ਸਭਿ ਭਾਂਤਿਨਿ ਕੋ ਸਾਦਰ ਸੋ ਜਾਤਿ ਹੈ ਪ੍ਰਲੋਕ ਸੁਰਗਨਿ ਮੈਂ॥੩੯॥

ਘਰ ਦਾ ਕਾਰ ਵਿਹਾਰ ਅਨੇਕ ਪ੍ਰਕਾਰ ਦਾ ਹੁੰਦਾ ਹੈ, ਇਕ ਮਨੁੱਖ ਕਰਦਾ-ਕਰਦਾ ਹਾਰ ਗਿਆ ਤੇ ਮਨ ਵਿਚ ਬਹੁਤ ਦੁੱਖੀ ਹੋਇਆ। ਸ੍ਰੇਸ਼ਟ ਪੰਥ ਖਾਲਸੇ ਦੀ ਵਡਿਆਈ ਸੁਣ ਕੇ, ਖਾਲਸੇ ਵਿਚ ਆਇਆ ਜਿਸ ਦੇ ਮਨ ਵਿਚ ਕਦੇ ਜੀਵਕਾ ਦੀ ਚਾਹ ਦਿਨ ਰਾਤ ਵੱਸਦੀ ਹੁੰਦੀ ਸੀ। ਅੰਮ੍ਰਿਤ ਛੱਕ ਕੇ, ਗੁਰਬਾਣੀ ਨੂੰ ਆਪਣੇ ਹਿਰਦੇ ਵਿਚ ਵਸਾਇਆ, ਸਿੰਘ ਨਾਮ ਰਖਾਇਆ ਤੇ ਰਣਖੇਤਰ ਵਿਚ ਧੀਰਜਵਾਨ ਸੂਰਬੀਰ ਬਣਿਆ। ਇਸ ਲੋਕ ਵਿਚ ਸਭ ਪ੍ਰਕਾਰ ਸੁਖ ਪਾਇਆ ਤੇ ਹੁਣ ਬੜੇ ਆਦਰ ਨਾਲ ਸਵਰਗ ਲੋਕ ਵਿਚ ਜਾਵੇਗਾ॥੩੯॥

ਚੌਪਈ- **ਦਸਹੁੰ ਗੁਰਨਿ ਕੀ ਸ਼ਰਨੀ ਪਰੇ। ਬਿਬਧ ਬਿਧਿਨਿ ਤੇ ਪ੍ਰਾਨੀ ਤਰੇ।**
ਗੁਰ ਕੀ ਸੇਵ ਕਿ ਸਤਿਸੰਗ ਸੇਵਾ। ਕਰੇ ਰਿਝਾਵਨ ਸ਼੍ਰੀ ਗੁਰਦੇਵਾ॥੪੦॥

ਜਿਹੜਾ ਪ੍ਰਾਣੀ ਦਸਾਂ ਗੁਰੂ ਸਾਹਿਬਾਨ ਦੀ ਸ਼ਰਨ ਵਿਚ ਪੈਂਦਾ ਹੈ, ਕਈ ਵਿਧੀਆਂ ਨਾਲ ਉਹ ਪ੍ਰਾਣੀ ਤਰ ਜਾਂਦਾ ਹੈ। ਗੁਰੂ ਜੀ ਦੀ ਸੇਵਾ ਜਾਂ ਸਤਿਸੰਗ ਦੀ ਸੇਵਾ ਕਰਕੇ ਸਤਿਗੁਰੂ ਜੀ ਨੂੰ ਪ੍ਰਸੰਨ ਕਰ ਲਵੇ॥੪੦॥

ਕੈ ਨਿਜ ਘਰ ਤੇ ਪ੍ਰੇਮ ਉਪਾਇ। ਛਾਦਨ ਭੋਜਨ ਦੇ ਸਮੁਦਾਇ।
ਯਾਂਤੇ ਭੀ ਪ੍ਰਸੰਨ ਗੁਰ ਕਰੇ। ਜਗ ਸੰਕਟ ਤੇ ਸਿੱਖ ਸੁ ਤਰੇ॥ ੪੧॥

ਜਾਂ ਆਪਣੇ ਘਰ ਵਿਚ ਪ੍ਰੇਮ ਸਹਿਤ ਸਿੱਖਾਂ ਨੂੰ ਵਸਤਰ ਦੇਵੇ ਤੇ ਭੋਜਨ ਛਕਾਏ। ਇਸ ਤਰ੍ਹਾਂ ਵੀ ਗੁਰੂ ਜੀ ਪ੍ਰਸੰਨ ਹੋ ਜਾਂਦੇ ਹਨ, ਜਗਤ ਦੇ ਸੰਕਟ ਤੋਂ ਉਹ ਸਿੱਖ ਤਰ ਜਾਂਦਾ ਹੈ॥੪੧॥

ਕਿਧੌਂ ਰਹੈ ਸਤਿਗੁਰ ਕੇ ਤੀਰ। ਖੜਗ, ਤੁਪਕ, ਕੈ ਧਰਿ ਧਨੁ ਤੀਰ।
ਲਰਹਿ ਜੁੱਧ ਮਹਿਂ ਸ਼ੱਤ੍ਰਨਿ ਹਤੇ। ਗੁਰਨਿ ਰਿਝਾਵੈ ਲੈ ਕਰਿ ਫਤੇ॥੪੨॥

ਜਾਂ ਸਤਿਗੁਰੂ ਜੀ ਦੇ ਪਾਸ ਰਹੇ, ਤਲਵਾਰ, ਬੰਦੂਕ ਅਤੇ ਧਨੁੱਖ ਬਾਣ ਧਾਰਨ ਕਰੇ ਤੇ ਯੁੱਧ ਵਿਚ ਲੜਾਈ ਕਰਕੇ ਵੈਰੀਆਂ ਨੂੰ ਮਾਰੇ ਤੇ ਫ਼ਤਹਿ ਪ੍ਰਾਪਤ ਕਰਕੇ ਗੁਰੂ ਜੀ ਨੂੰ ਪ੍ਰਸੰਨ ਕਰੇ॥੪੨॥

ਕਿਧੌਂ ਜੰਗ ਮਹਿਂ ਤਜਿ ਕੈ ਪ੍ਰਾਨ। ਸਤਿਗੁਰ ਆਗੈ ਬਹੁ ਬਲਿ ਠਾਨਿ।
ਕਿਧੌਂ ਭਵਿੱਖਤ ਮਹਿਂ ਗੁਰ ਹੇਤ। ਲਰਹਿ ਮਰਹਿ ਮਾਰਹਿ ਰਣਖੇਤ॥੪੩॥

ਜਾਂ ਜੰਗ ਵਿਚ ਪ੍ਰਾਣ ਛੱਡ ਕੇ ਸਤਿਗੁਰੂ ਜੀ ਅੱਗੇ ਵੱਡਾ ਬਲ ਕਰਕੇ ਵਿਖਾਵੇ ਜਾਂ ਭਵਿੱਖ ਵਿਚ ਗੁਰੂ ਜੀ ਵਾਸਤੇ, ਰਣਖੇਤਰ ਵਿਚ ਲੜੇ ਮਰੇ ਅਤੇ ਵੈਰੀਆਂ ਨੂੰ ਮਾਰੇ॥੪੩॥

ਤਿਨ ਕੋ ਭੀ ਗੁਰ ਸਦਗਤਿ ਦੈਹੈਂ। ਜਨਮ ਮਰਣ ਸੰਕਟ ਨਹਿਂ ਪੈਹੈ।
ਇੱਤਜਾਦਿਕ ਕਾਰਨ ਗਨ ਜਾਨ। ਜਿਸ ਤੇ ਬੰਧਨ ਜਗ ਕੇ ਹਾਨ॥ ੪੪॥

ਉਨ੍ਹਾਂ ਨੂੰ ਵੀ ਗੁਰੂ ਜੀ ਸ੍ਰੇਸ਼ਟ ਗਤੀ ਦਿੰਦੇ ਹਨ, ਫਿਰ ਜਨਮ ਮਰਨ ਦਾ ਸੰਕਟ ਨਹੀਂ ਪੈਂਦਾ ਹੈ। ਇਸ ਪ੍ਰਕਾਰ ਕਈ ਕਾਰਨ ਜਾਣੋ, ਜਿਸ ਤੋਂ ਜਗਤ ਦੇ ਬੰਧਨ ਨਾਸ਼ ਹੁੰਦੇ ਹਨ॥੪੪॥

ਗਜਾਨ ਦੇਨਿ ਕੀ ਗਤਿ ਹੈ ਜਥਾ। ਉਪਦੇਸ਼ਤਿ ਹੈਂ ਸਤਿਗੁਰ ਤਥਾ।
ਸੋ ਮੈਂ ਬਰਨੌਂ ਭਲੀ ਪ੍ਰਕਾਰ। ਸੁਨਹੁ ਖਾਲਸਾ! ਸਭਿ ਨਿਰਧਾਰ॥ ੪੫॥

ਗਿਆਨ ਦੇਣ ਦੀ ਜਿਵੇਂ ਰੀਤੀ ਹੈ, ਸਤਿਗੁਰੂ ਜੀ ਉਸ ਤਰ੍ਹਾਂ ਹੀ ਉਪਦੇਸ਼ ਦਿੰਦੇ ਹਨ। ਉਹ ਮੈਂ ਭਲੀ ਪ੍ਰਕਾਰ ਵਰਣਨ ਕਰ ਰਿਹਾ ਹਾਂ, ਹੇ ਖਾਲਸਾ ਜੀ! ਨਿਰਧਾਰਣ ਕਰਕੇ ਸੁਣੋ॥੪੫॥

ਪੰਜਵੀਂ ਰੁੱਤ ਦਾ ਉਣੰਜਵਾਂ ਅਧਿਆਇ ਸਮਾਪਤ ਹੋਇਆ॥